# ਚੈੱਕ ਕੁਲੈਕਸ਼ਨ ਪਾਲਿਸੀ

**ਦਾਇਰਾ:** DBS Bank India ਦੀਆਂ

**ਜਾਰੀ ਕਰਤਾ:** GTS & T&O

**ਸੰਸਕਰਨ** 3.0

ਸਾਰੇ ਹੱਕ ਰਾਖਵੇਂ ਹਨ

ਇਸ ਦਸਤਾਵੇਜ਼ ਦਾ ਕੋਈ ਵੀ ਹਿੱਸਾ DBS Group ਦੇ ਬਾਹਰ ਬਗੈਰ ਕਿਸੇ ਅਧਿਕਾਰਤ ਅਨੁਮਤੀ ਦੇ ਕਿਸੇ ਵੀ ਰੂਪ ਵਿੱਚ ਦੋਬਾਰਾ ਇਸਤੇਮਾਲ ਨਹੀਂ ਕੀਤਾ ਜਾ ਸਕਦਾ।

## 1 ਜਾਣ-ਪਛਾਣ ਅਤੇ ਦਿਸ਼ਾ-ਨਿਰਦੇਸ਼ਕ ਸਿਧਾਂਤ

ਬੈਂਕ ਦੀ ਚੈੱਕ ਕੁਲੈਕਸਨ ਪਾਲਿਸੀ ਸਾਡੇ ਗਾਹਕਾਂ ਨੂੰ ਬੈਸਟ ਇਨ ਕਲਾਸ ਸਰਵਿਸ ਦੇਣ ਅਤੇ ਕਾਰਗੁਜ਼ਾਰੀ ਲਈ ਉੱਚੇ ਮਾਨਕ ਤੈਅ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਨੂੰ ਦਿਖਾਉਂਦੀ ਹੈ। ਇਹ ਪਾਲਿਸੀ ਗਾਹਕਾਂ ਨਾਲ ਵਿਵਹਾਰ ਵਿੱਚ ਪਾਰਦਰਸ਼ਿਤਾ ਅਤੇ ਨਿਰਪੱਖਤਾ ਦੇ ਸਿਧਾਂਤਾਂ ’ਤੇ ਆਧਾਰਿਤ ਹੈ। ਅਸੀਂ ਆਪਣੇ ਗਾਹਕਾਂ ਨੂੰ ਛੇਤੀ ਕੁਲੈਕਸ਼ਨ ਸਰਵਿਸ ਦੇਣ ਲਈ ਟੈਕਨਾਲੋਜੀ ਦਾ ਜ਼ਿਆਦਾ ਇਸਤੇਮਾਲ ਕਰਨ ਲਈ ਵਚਨਬੱਧ ਹਾਂ। ਇਹ ਪਾਲਿਸੀ ਦਸਤਾਵੇਜ਼ ਇਹਨਾਂ ਗੱਲਾਂ ਨੂੰ ਕਵਰ ਕਰਦਾ ਹੈ:

- ਭਾਰਤ ਅਤੇ ਵਿਦੇਸ਼ ਦੇ ਸੈਂਟਰਾਂ ’ਤੇ ਅਦਾਇਗੀਯੋਗ ਚੈੱਕ ਅਤੇ ਦੂਸਰੇ ਇੰਸਟਰੂਮੈਂਟਸ ਦਾ ਕੁਲੈਕਸ਼ਨ
- ਇੰਸਟਰੂਮੈਂਟਸ ਦੇ ਕੁਲੈਕਸ਼ਨ ਲਈ ਸਮਾਂ-ਸੀਮਾ ਬਾਰੇ ਸਾਡੀ ਵਚਨਬੱਧਤਾ
- ਅਜਿਹੇ ਮਾਮਲਿਆਂ ਵਿੱਚ ਵਿਆਜ ਦੀ ਅਦਾਇਗੀ ਜਿੱਥੇ ਕਿ ਚੈੱਕ ਨਾਲ ਮਿਲਣ ਵਾਲੀ ਰਕਮ ਮਿਲਣ ਵਿੱਚ ਸਮਾਂ-ਸੀਮਾ ਤੋਂ ਜ਼ਿਆਦਾ ਦੇਰ ਹੁੰਦੀ ਹੈ।
- ਰਸਤੇ ਵਿੱਚ ਗੁਆਚੇ ਹੋਏ ਕੁਲੈਕਸ਼ਨ ਇੰਸਟਰੂਮੈਂਟਸ ਨਾਲ ਨਿਪਟਣਾ

ਇਹ ਪਾਲਿਸੀ ਸਾਰੀਆਂ DBIL ਸ਼ਾਖਾਵਾਂ ’ਤੇ ਲਾਗੂ ਹੁੰਦੀ ਹੈ। ਚੈੱਕ ਕੁਲੈਕਸਨ ਪਾਲਿਸੀ (CCP) ਦੀ ਇਕ ਕਾਪੀ ਗਾਹਕ ਨੂੰ ਬੇਨਤੀ ਕਰਨ ’ਤੇ ਦਿੱਤੀ ਜਾਵੇਗੀ। ਇਸ ਤੋਂ ਇਲਾਵਾ CCP ਨੂੰ ਬੈਂਕ ਦੀ ਵੈਬਸਾਈਟ ’ਤੇ ਦਿਖਾਇਆ ਜਾਵੇਗਾ ਅਤੇ ਸ਼ਾਖਾ ਨੋਟਿਸ ਬੋਰਡ ਫਾਈਲਜ਼ ਵਿੱਚ ਵੀ ਉਪਲੱਬਧ ਕਰਾਇਆ ਜਾਵੇਗਾ।

## 2 ਪਾਲਿਸੀ

**ਕੁਲੈਕਸ਼ਨ ਦਾ ਇੰਤਜ਼ਾਮ**

ਧਿਆਨ ਦਿਓ ਕਿ ਖਾਤਾ ਪੇਈ ਚੈੱਕ ਸਿਰਫ ਖਾਤਾ ਧਾਰਕ ਦੇ ਖਾਤੇ ਵਿੱਚ ਕਰੈਡਿਟ ਕੀਤੇ ਜਾਣਗੇ ਅਤੇ ਕਿਸੇ ਵੀ ਥਰਡ ਪਾਰਟੀ ਖਾਤੇ ਵਿੱਚ ਕਰੈਡਿਟ ਨਹੀਂ ਕੀਤੇ ਜਾਣਗੇ।

**ਚੈਕ ਕੁਲੈਕਸ਼ਨ**

ਸਾਡੀ ਸ਼ਾਖਾ ਦੇ ਕਾਊਂਟਰਾਂ ’ਤੇ ਦੁਪਹਿਰ 1:30 ਵਜੇ ਤੱਕ ਅਤੇ ਸ਼ਾਖਾ ਹਦੂਦ ਦੇ ਅੰਦਰ ਰੱਖੇ ਗਏ ਚੈੱਕ ਕੁਲੈਕਸ਼ਨ ਬੋਕਸ ਵਿੱਚ ਸ਼ਾਖਾ ਦੇ ਕੰਮਕਾਜੀ ਦਿਨਾਂ ’ਤੇ ਦੁਪਹਿਰ 1:30 ਵਜੇ ਤੱਕ ਜਮਾਂ ਕੀਤੇ ਗਏ ਚੈੱਕ, ਉਸੇ ਦਿਨ ਕਲੀਅਰਿੰਗ ਲਈ ਪੇਸ਼ ਕੀਤੇ ਜਾਣਗੇ ਜਦਕਿ ਕਟ ਔਫ ਸਮੇਂ ਤੋਂ ਬਾਅਦ ਜਮਾਂ ਕੀਤੇ ਗਏ ਚੈੱਕ/ਇੰਸਟਰੂਮੈਂਟਸ ਅਗਲੇ ਕੰਮਕਾਜੀ ਦਿਨ ਦੇ ਕਲੀਅਰਿੰਗ ਚੱਕਰ ਵਿੱਚ ਪੇਸ਼ ਕੀਤੇ ਜਾਣਗੇ। ਪਾਲਿਸੀ ਦੇ ਅਨੁਸਾਰ, ਬੈਂਕ ਗਾਹਕ ਦੇ ਖਾਤੇ ਵਿੱਚ ਰਕਮ ਉਸੇ ਦਿਨ ਜਮਾਂ ਕਰ ਦੇਵੇਗਾ ਜਿਸ ਦਿਨ ਉਹ ਰਕਮ ਬੈਂਕ ਨੂੰ ਹਾਸਲ ਹੋਵੇਗੀ।

ਜੇਕਰ ਚੈੱਕ/ਇੰਸਟਰੂਮੈਂਟਸ ਵਿੱਚ ਕੋਈ ਤਰੁੱਟੀ ਪਾਈ ਜਾਂਦੀ ਹੈ, ਤਾਂ ਉੱਪਰ ਦੱਸੀ ਗਈ ਸਮਾਂ-ਸੀਮਾ ਲਾਗੂ ਨਹੀਂ ਹੋਵੇਗੀ। ਚੈੱਕ/ਇੰਸਟਰੂਮੈਂਟਸ ਸਵੀਕਾਰ ਕਰਨ ਵਾਸਤੇ ਸ਼ਾਖਾ ਦੇ ਨਿਰਧਾਰਿਤ ਸਮੇਂ (ਕਟ ਔਫ ਸਮਾਂ) ਅਤੇ ਕੇਂਦਰਾਂ ਦੀ ਸੂਚੀ DBS ਦੀਆਂ ਸਾਖਾਵਾਂ ਤੋਂ ਹਾਸਲ ਕੀਤੀ ਜਾ ਸਕਦੀ ਹੈ।

ਸਾਡੇ ਬੈਂਕ ਦੀਆਂ ਆਪਣੀਆਂ ਹੀ ਸ਼ਾਖਾਵਾਂ 'ਤੇ ਜਾਰੀ ਕੀਤੇ ਗਏ ਚੈੱਕ, ਡਰਾਫਟ, ਪੇ-ਆਰਡਰ ਅਤੇ ਬੈਂਕਰ ਚੈੱਕ (ਟਰਾਂਸਫਰ ਚੈੱਕ) ਜਮਾਂ ਕਰਨ ਦਾ ਸਮਾਂ-ਬੈਂਕ ਦੇ ਕਾਊਂਟਰਾਂ 'ਤੇ ਜਮਾਂ ਕੀਤੇ ਗਏ ਅਜਿਹੇ ਸਾਰੇ ਚੈੱਕ ਉਸੇ ਦਿਨ ਖਾਤੇ ਵਿੱਚ ਜਮਾਂ ਕਰ ਦਿੱਤੇ ਜਾਣਗੇ।

RBI ਦੇ ਕਲੀਅਰਿੰਗ ਸਮੇਂ ਵਿੱਚ ਕਿਸੇ ਵੀ ਬਦਲਾਵ ਦੇ ਅਨੁਸਾਰ, ਕਲੀਅਰਿੰਗ ਦੀ ਸਮਾਂ-ਸੀਮਾ ਵਿੱਚ ਵੀ ਬਦਲਾਵ ਕੀਤਾ ਜਾ ਸਕਦਾ ਹੈ। ਕਿਸੇ ਵੀ ਹੋਰ ਬਦਲਾਵ ਜਾਂ ਖਾਸ ਕੱਟ ਔਫ ਸਮੇਂ ਦੀ ਜਾਣਕਾਰੀ ਤੁਹਾਡੀ ਸਹੂਲਤ ਲਈ ਸਾਡੀਆਂ ਸ਼ਾਖਾਵਾਂ ਦੇ ਨੋਟਿਸ ਬੋਰਡ 'ਤੇ ਅਤੇ ਚੈੱਕ-ਡਰੋਪ ਵਾਲੀਆਂ ਥਾਵਾਂ 'ਤੇ ਸਾਫ-ਸਾਫ ਦਿਖਾਈ ਜਾਵੇਗੀ। ਅਸੀਂ ਗਾਹਕਾਂ ਨੂੰ ਇਹ ਅਪੀਲ ਕਰਦੇ ਹਾਂ ਕਿ ਉਹ ਸਭ ਤੋਂ ਨਵੀਂ ਜਾਣਕਾਰੀ ਲਈ ਇਹਨਾਂ ਨੋਟਿਸਾਂ ਨੂੰ ਨਿਯਮਤ ਰੂਪ ਵਿੱਚ ਦੇਖਦੇ ਰਹਿਣ।

**ਅਕਾਊਂਟ ਪੇਈ ਚੈੱਕ ਦੀ ਕੁਲੈਕਸ਼ਨ-ਚੈੱਕ ਦੀ ਰਕਮ ਕਿਸੇ ਤੀਸਰੇ ਪੱਖ ਦੇ ਖਾਤੇ ਵਿੱਚ ਜਮਾਂ ਕਰਨ 'ਤੇ ਰੋਕ:**

ਚੈੱਕ ਪਾਉਣ ਵਾਲੇ ਗਾਹਕ ਤੋਂ ਇਲਾਵਾ ਕਿਸੇ ਵੀ ਹੋਰ ਵਿਅਕਤੀ ਲਈ ਅਕਾਊਂਟ ਪੇਈ ਚੈੱਕ ਜਮਾਂ ਨਹੀਂ ਕੀਤੇ ਜਾਣਗੇ। ਬੈਂਕ ਕੋਲ ਇਹ ਵਿਕਲਪ ਹੈ ਕਿ ਉਹ ਪੰਜਾਹ ਹਜ਼ਾਰ ਰੁਪਏ ਤੋਂ ਜ਼ਿਆਦਾ ਦੀ ਰਕਮ ਲਈ ਜਾਰੀ ਨਾ ਕੀਤੇ ਗਏ ਅਕਾਊਂਟ ਪੇਈ ਚੈੱਕ ਆਪਣੇ ਉਹਨਾਂ ਗਾਹਕਾਂ ਦੇ ਖਾਤਿਆਂ ਵਿੱਚ ਜਮਾਂ ਕਰ ਲਵੇ ਜੋ ਕਿ ਸਹਿਕਾਰੀ ਕਰਜ਼ਾ ਕਮੇਟੀਆਂ ਹਨ ਬਸਰਤੇ ਕਿ ਅਜਿਹੇ ਚੈੱਕ ਪਾਉਣ ਵਾਲੇ ਲੋਕ ਉਹਨਾਂ ਸਹਿਕਾਰੀ ਕਮੇਟੀਆਂ ਦੇ ਹੀ ਮੈਂਬਰ ਹੋਣ।

**ਕਰਤਾ ਦੇ ਨਾਮ 'ਤੇ ਜਾਰੀ ਕੀਤੇ ਗਏ ਚੈੱਕ**

ਚੈੱਕ ਪਾਉਣ ਵਾਲੇ ਗਾਹਕ ਤੋਂ ਇਲਾਵਾ ਕਿਸੇ ਵੀ ਹੋਰ ਵਿਅਕਤੀ ਲਈ ਅਕਾਊਂਟ ਪੇਈ ਚੈੱਕ ਜਮਾਂ ਨਹੀਂ ਕੀਤੇ ਜਾਣਗੇ। ਹਾਲਾਂਕਿ 'ਕਰਤਾ' ਦੇ ਨਾਮ 'ਤੇ ਜਾਰੀ ਕੀਤੇ ਗਏ ਚੈੱਕ ਨੂੰ HUF (ਹਿੰਦੂ ਅਵਿਭਾਜਿਤ ਪਰਿਵਾਰ) ਦੇ ਖਾਤੇ ਵਿੱਚ ਜਮਾਂ ਕਰਨ 'ਤੇ ਕੋਈ ਰੋਕ ਨਹੀਂ ਹੈ।

ਇਸ ਲਈ, ਬੈਂਕ ਨੂੰ HUF ਦੇ ਨਾਮ 'ਤੇ ਖਾਤਾ ਖੋਲਦੇ ਸਮੇਂ ਖਾਤਾ ਧਾਰਕ ਤੋਂ ਇਕ ਲਿਖਿਤ ਸਹਿਮਤੀ ਲੈਣੀ ਪਵੇਗੀ ਜਿਸ ਵਿੱਚ ਕਿ ਇਹ ਕਿਹਾ ਗਿਆ ਹੋਵੇ ਕਿ ਕਰਤਾ ਦੇ ਪੱਖ ਵਿੱਚ ਜਾਰੀ ਕੀਤੇ ਗਏ ਚੈੱਕ ਵੀ ਉਸ ਖਾਤੇ ਵਿੱਚ ਜਮਾਂ ਕੀਤੇ ਜਾ ਸਕਦੇ ਹਨ ਅਤੇ ਇਸ ਤਰਾਂ ਉਸ ਖਾਤੇ ਦੇ ਚੈੱਕ ਕਰਤਾ ਦੇ ਨਾਮ 'ਤੇ ਜਮਾਂ ਕੀਤੇ ਜਾ ਸਕਦੇ ਹਨ।

**ਤਕਨੀਕੀ ਕਾਰਨਾਂ ਕਰ ਕੇ ਵਾਪਸ ਆਏ ਚੈੱਕਾਂ ਨੂੰ ਦੋਬਾਰਾ ਪੇਸ਼ ਕਰਨ ਵਿੱਚ ਦੇਰੀ ਅਤੇ ਅਤੇ ਅਜਿਹੇ ਚੈੱਕਾਂ ਦੀ ਵਾਪਸੀ 'ਤੇ ਸ਼ੁਲਕ ਲਗਾਉਣਾ:**

ਜਿਵੇਂਕਿ ਤੁਸੀਂ ਜਾਣਦੇ ਹੋ, ਬੈਂਕਾਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੀ ਚੈੱਕ ਕੁਲੈਕਸ਼ਨ ਪਾਲਿਸੀ (CCP) ਵਿੱਚ ਚੈੱਕਾਂ ਦੇ ਭੁਗਤਾਨ ਦੀ ਸਮਾਂ-ਸੀਮਾਂ ਦਾ ਜ਼ਿਕਰ ਕਰਨ ਅਤੇ ਚੈੱਕ ਵਾਪਸ ਆਉਣ 'ਤੇ ਲੱਗਣ ਵਾਲੇ ਸ਼ੁਲਕਾਂ ਬਾਰੇ ਗਾਹਕਾਂ ਨੂੰ ਪਹਿਲਾਂ ਤੋਂ ਉੱਚਿਤ ਸੂਚਨਾ ਦੇ ਕੇ ਸਪੱਸ਼ਟ ਰੂਪ ਵਿੱਚ ਜਾਣਕਾਰੀ ਦੇਣ।

ਚੈੱਕ ਵਾਪਸੀ ਦਾ ਸ਼ੁਲਕ ਸਿਰਫ ਉਹਨਾਂ ਹੀ ਮਾਮਲਿਆਂ ਵਿੱਚ ਲਗਾਇਆ ਜਾਵੇਗਾ ਜਿੱਥੇ ਦੀ ਗਾਹਕ ਦੀ ਗਲਤੀ ਹੋਵੇ ਅਤੇ ਓਹੀ ਚੈੱਕ ਵਾਪਸ ਆਉਣ ਲਈ ਜ਼ਿੰਮੇਦਾਰ ਹੋਵੇ।

ਚੈੱਕ ਵਾਪਸੀ ਦੇ ਅਜਿਹੇ ਮਾਮਲਿਆਂ ਦੀ ਇਕ ਉਦਾਹਰਨ ਦੇ ਤੌਰ 'ਤੇ (ਪਰ ਪੂਰੀ ਨਹੀਂ) ਸੂਚੀ ਹੇਠਾਂ ਅਨੁਸੂਚੀ I ਵਿੱਚ ਦਿੱਤੀ ਗਈ ਹੈ ਜਿੱਥੇ ਕਿ ਗਾਹਕ ਦੀ ਕੋਈ ਗਲਤੀ ਨਹੀਂ ਹੁੰਦੀ ਹੈ।

ਜਿਹਨਾਂ ਚੈੱਕਾਂ ਨੂੰ ਬਗੈਰ ਕਿਸੇ ਰੋਕ-ਟੋਕ ਦੇ (ਯਾਨੀ ਬਗੈਰ ਕਿਸੇ ਰੋਕ-ਟੋਕ ਦੇ) ਦੁਬਾਰਾ ਪੇਸ਼ ਕਰਨ ਦੀ ਜ਼ਰੂਰਤ ਹੁੰਦੀ ਹੈ, ਉਹਨਾਂ ਨੂੰ ਅਗਲੀ ਪ੍ਰਕਿਰਿਆ ਵਿੱਚ ਹੀ ਤੁਰੰਤ ਪੇਸ ਕੀਤਾ ਜਾਣਾ ਚਾਹੀਦਾ ਹੈ। ਇਹ ਪ੍ਰਕਿਰਿਆ 24 ਘੰਟੇ ਤੋਂ ਜ਼ਿਆਦਾ ਦੇਰ ਨਾਲ ਨਹੀਂ ਹੋਣੀ ਚਾਹੀਦੀ (ਇਸ ਵਿੱਚ ਛੁੱਟੀਆਂ ਸ਼ਾਮਲ ਨਹੀਂ ਹਨ) ਅਤੇ ਇਸ ਬਾਰੇ ਗਾਹਕਾਂ ਨੂੰ SMS ਅਲਰਟ, ਈਮੇਲ ਆਦਿ ਦੇ ਮਾਧਿਅਮ ਨਾਲ ਪਹਿਲਾਂ ਸੂਚਿਤ ਕੀਤਾ ਜਾਣਾ ਚਾਹੀਦਾ ਹੈ।

## ਅਨੁਸੂਚੀ I

| ਕੋਡ ਨੰਬਰ: | ਵਾਪਸੀ ਦਾ ਕਾਰਨ: |
|---|---|
| 33 | ਇੰਸਟਰੂਮੈਂਟ ਕਟਿਆ-ਫਟਿਆ ਹੈ; ਬੈਂਕ ਦੀ ਗਾਰੰਟੀ ਦੀ ਲੋੜ ਹੈ |
| 35 | ਕਲੀਅਰਿੰਗ ਹਾਊਸ ਦੀ ਮੋਹਰ/ਤਾਰੀਖ ਦੀ ਲੋੜ ਹੈ |
| 36 | ਗਲਤ ਜਗਾ ਪਹੁੰਚਿਆ/ਸਾਡੇ ਬੈਂਕ ’ਤੇ ਜਾਰੀ ਨਹੀਂ ਕੀਤਾ ਗਿਆ |
| 37 | ਸਹੀ ਜ਼ੋਨ ਵਿੱਚ ਪੇਸ਼ ਕਰੋ |
| 38 | ਇੰਸਟਰੂਮੈਂਟ ਵਿੱਚ ਕੋਈ ਬਾਹਰੀ ਚੀਜ਼ ਹੈ |
| 39 | ਅਕਸ ਸਪੱਸ਼ਟ ਨਹੀਂ ਹੈ; ਚੈੱਕ ਨੂੰ ਕਾਗਜ਼ੀ ਰੂਪ ਵਿੱਚ ਦੋਬਾਰਾ ਪੇਸ਼ ਕਰੋ |
| 40 | ਦਸਤਾਵੇਜ਼ ਨਾਲ ਪੇਸ਼ ਕਰੋ |
| 41 | ਆਈਟਮ ਦੋ ਵਾਰ ਸੂਚੀ ਵਿੱਚ ਸ਼ਾਮਲ ਹੈ |
| 42 | ਕਾਗਜ਼/ਚੈੱਕ ਹਾਸਲ ਨਹੀਂ ਹੋਇਆ |
| 60 | ਦੋ ਬੈਂਕਾਂ ਲਈ ਕਰਾਸ ਕੀਤਾ ਗਿਆ |
| 61 | ਕਰਾਸਿੰਗ ਮੋਹਰ ਕੈਂਸਲ ਨਹੀਂ ਕੀਤੀ ਗਈ |
| 62 | ਕਲੀਅਰਿੰਗ ਮੋਹਰ ਕੈਂਸਲ ਨਹੀਂ ਕੀਤੀ ਗਈ |
| 63 | ਇੰਸਟਰੂਮੈਂਟ ਵਿਸ਼ੇਸ ਰੂਪ ਵਿੱਚ ਕਿਸੇ ਹੋਰ ਬੈਂਕ ਲਈ ਕਰਾਸ ਕੀਤਾ ਗਿਆ |
| 67 | ਪੇਈ ਦਾ ਸਮਰਥਨ ਅਨਿਯਮਤ ਹੈ/ਕੁਲੈਕਟ ਕਰਨ ਵਾਲੇ ਬੈਂਕ ਦੀ ਪੁਸ਼ਟੀ ਦੀ ਲੋੜ ਹੈ |
| 68 | ਨਿਸ਼ਾਨ/ਅੰਗੂਠੇ ਦੇ ਨਿਸ਼ਾਨ ਦੁਆਰਾ ਕੀਤੇ ਗਏ ਸਮਰਥਨ ਲਈ ਤਸਦੀਕ ਦੀ ਲੋੜ ਹੈ |
| 70 | ਮਜਿਸਟ੍ਰੇਟ ਦੀ ਸੀਲ ਸਲਾਹ ਨਾਲ ਹਾਸਲ ਨਹੀਂ ਹੋਈ |
| 71 | ਸਲਾਹ ਵਿੱਚ ਰਾਸ਼ੀ/ਨਾਮ ਭਿੰਨ ਹੈ |
| 72 | ਡਰਾਅ ਕਰਨ ਵਾਲੇ ਬੈਂਕ ਕੋਲ ਸਪਾਂਸਰ ਬੈਂਕ ਵਿੱਚ ਫੰਡ ਅਣਉੱਚਿਤ ਹੈ (ਉਪ-ਮੈਂਬਰਾਂ |
| 73 | ਲਈ ਲਾਗੂ) ਪੇਈ ਦੁਆਰਾ ਬੈਂਕ ਨੂੰ ਵੱਖਰੇ ਤੌਰ ’ਤੇ ਡਿਸਚਾਰਜ ਦੇਣਾ ਲੋੜੀਂਦਾ ਹੈ |
| 74 | ਅਗਲੇ ਮਹੀਨੇ ਦੀ ਪਹਿਲੀ ਤਾਰੀਖ ਤੱਕ ਭੁਗਤਾਨਯੋਗ ਨਹੀਂ ਹੈ |
| 75 | ਪੇ-ਆਰਡਰ ’ਤੇ ਕਾਊਂਟਰ ਹਸਤਾਖਰ (ਪ੍ਰਤੀ ਹਸਤਾਖਰ) ਜ਼ਰੂਰੀ ਹੈ |
| 76 | ਲੋੜੀਂਦੀ ਜਾਣਕਾਰੀ ਸਪੱਸ਼ਟ/ਸਹੀ ਨਹੀਂ ਹੈ |
| 80 | ਬੈਂਕ ਦਾ ਸੈਰਟੀਫਿਕੇਟ ਅਸਪੱਸ਼ਟ/ਅਧੂਰਾ/ਜ਼ਰੂਰੀ ਹੈ |
| 81 | ਡਰਾਫਟ ਜਾਰੀ ਕਰਨ ਵਾਲੇ ਦਫਤਰ ਕੋਲੋਂ ਗੁਆਚ ਗਿਆ ਹੈ; ਜਾਰੀ ਕਰਨ ਵਾਲੇ ਦਫਤਰ ਤੋਂ ਪੁਸ਼ਟੀ ਜ਼ਰੂਰੀ ਹੈ |

| | |
|---|---|
| 82 | ਬੈਂਕ/ਸ਼ਾਖਾ ਬਲਾਕ ਕਰ ਦਿੱਤੀ ਗਈ ਹੈ |
| 83 | ਡਿਜੀਟਲ ਸੈਰਟੀਫਿਕੇਟ ਦੀ ਤਸਦੀਕ ਅਸਫਲ ਹੋ ਗਈ ਹੈ |
| 84 | ਹੋਰ ਕਾਰਨ-ਕੁਨੈਕਟੀਵਿਟੀ ਅਸਫਲ ਹੋ ਗਈ ਹੈ |
| 87 | 'ਪੇਈ ਦੇ ਖਾਤੇ ਵਿੱਚ ਰਾਸ਼ੀ ਜਮਾਂ ਕਰ ਦਿੱਤੀ ਗਈ ਹੈ'-ਮੋਹਰ ਦੀ ਲੋੜ ਹੈ |
| 92 | ਬੈਂਕ ਨੂੰ ਬਾਹਰ ਕਰ ਦਿੱਤਾ ਗਿਆ ਹੈ |

**ਸੀਮਾ-ਪਾਰ/FCY ਚੈੱਕ ਦੀ ਕੁਲੈਕਸ਼ਨ ਲਈ ਦਸਤਾਵੇਜ਼ੀਕਰਨ ਅਤੇ ਅਨੁਪਾਲਣ**

**ਗਾਹਕ ਦੀਆਂ ਜ਼ਿੰਮੇਦਾਰੀਆਂ:**

- ਸਾਰੇ ਲੈਣ-ਦੇਣ ਲਈ, ਗਾਹਕ ਨੂੰ ਲੈਣ-ਦੇਣ ਦਾ ਉਦੇਸ਼ ਅਤੇ ਲੋੜ ਅਨੁਸਾਰ ਕੋਈ ਵੀ ਸਹਾਇਕ ਦਸਤਾਵੇਜ਼ ਉਪਲੱਬਧ ਕਰਾਉਣਾ ਪਵੇਗਾ।
- ਨਿੱਜੀ ਰੈਮੀਟੈਂਸ ਲਈ, ਸ਼ਾਖਾਵਾਂ ਰੈਮੀਟੈਂਸ ਅਤੇ ਲਾਭਪਾਤਰੀ ਵਿਚਾਲੇ ਸਬੰਧ ਦੇ ਵੇਰਵੇ ਹਾਸਲ ਕਰਨ ਲਈ ਜ਼ਿੰਮੇਦਾਰ ਹਨ।
- ਸੰਸਥਾਗਤ ਬੈਂਕਿੰਗ ਸਮੂਹ (IBG) ਦੇ ਗਾਹਕ ਵੱਲੋਂ ਹਾਸਲ ਚੈੱਕਾਂ ਲਈ, ਸ਼ਾਖਾਵਾਂ ਨੂੰ ਉੱਚਿਤ ਉਦੇਸ਼ ਕੋਡ ਅਤੇ ਸਬੰਧਿਤ ਚਲਾਨ ਦੀਆਂ ਕਾਪੀਆਂ ਇਕੱਠੀਆਂ ਕਰਨੀਆਂ ਪੈਣਗੀਆਂ।

**ਸ਼ਾਖਾ ਦੀਆਂ ਜ਼ਿੰਮੇਦਾਰੀਆਂ (ਚੈੱਕਾਂ ਨੂੰ ਕੇਂਦਰੀ ਸੰਚਾਲਨ ਲਈ ਭੇਜਣ ਤੋਂ ਪਹਿਲਾਂ)**

- **ਜਮਾਂ ਕਰਨ ਤੋਂ ਪਹਿਲਾਂ ਦੀ ਜਾਂਚ:** ਚੈੱਕਾਂ ਨੂੰ ਕੁਲੈਕਸ਼ਨ ਲਈ Mumbai Central Operations (ਕੈਸ਼ ਆਪਰੇਸ਼ਨ ਆਈਟੀਟੀ) ਟੀਮ ਨੂੰ ਭੇਜਣ ਤੋਂ ਪਹਿਲਾਂ, ਸ਼ਾਖਾਵਾਂ ਨੂੰ ਇਹ ਸੁਨਿਸ਼ਚਿਤ ਕਰਨਾ ਪਵੇਗਾ ਕਿ:
    - ਗਾਹਕ ਦਾ ਖਾਤਾ ਆਪਣੇ ਗਾਹਕ ਨੂੰ ਜਾਣੋ (KYC) ਨਿਯਮਾਂ ਦੇ ਅਨੁਰੂਪ ਹੋਵੇ।
    - ਲੀਗਲ ਐਨਫੋਰਸਮੈਂਟ ਏਜੰਸੀ (LEA) ਦੀਆਂ ਅਪੀਲਾਂ ਜਾਂ ਹੋਰਨਾਂ ਕਾਰਨਾਂ ਕਰਕੇ ਖਾਤੇ 'ਤੇ ਕੋਈ ਰੋਕ ਨਾ ਲੱਗੀ ਹੋਵੇ।
    - ਕੁਲੈਕਸ਼ਨ ਸ਼ੁਲਕ ਦਾ ਭੁਗਤਾਨ ਕਰਨ ਲਈ ਖਾਤੇ ਵਿੱਚ ਉੱਚਿਤ ਧੰਨਰਾਸ਼ੀ ਉਪਲੱਬਧ ਹੋਵੇ।
- **ਸਕੈਨਿੰਗ ਅਤੇ ਟਰੈਕਿੰਗ:** ਸਥਾਨਕ ਸ਼ਾਖਾਵਾਂ ਨੂੰ ਸਾਰੀ ਵਿਦੇਸ਼ੀ ਮੁਦਰਾ (FCY) ਚੈੱਕਾਂ ਅਤੇ ਅਪੀਲ ਪੱਤਰਾਂ ਨੂੰ ਲੈਣ-ਦੇਣ ਸੂਚਨਾ ਕਾਰਜ ਪ੍ਰਵਾਹ (TIW) ਸਿਸਟਮ ਵਿੱਚ ਸਕੈਨ ਕਰਨਾ ਪਵੇਗਾ, ਤਾਂ ਜੋ ਕਿ ਉਹਨਾਂ ਦੀ ਕੁਸ਼ਲ ਟਰੈਕਿੰਗ ਅਤੇ ਫਾਲੋ-ਅੱਪ ਕਾਰਵਾਈ ਕੀਤੀ ਜਾ ਸਕੇ।
- **ਦਸਤਾਵੇਜ਼ਾਂ ਦਾ ਰੱਖ-ਰਖਾਅ:** ਸ਼ਾਖਾਵਾਂ ਨੂੰ ਗਾਹਕਾਂ ਤੋਂ ਹਾਸਲ ਸਾਰੇ ਚੈੱਕਾਂ ਅਤੇ ਸਬੰਧਿਤ ਦਸਤਾਵੇਜ਼ਾਂ ਦੀਆਂ ਪੂਰੀਆਂ ਕਾਪੀਆਂ ਆਪਣੇ ਕੋਲ ਸੁਰੱਖਿਅਤ ਰੱਖਣੀਆਂ ਪੈਣਗੀਆਂ ਅਤੇ ਇਹਨਾਂ ਨੂੰ ਬੈਂਕ ਦੀ ਭੌਤਿਕ ਦਸਤਾਵੇਜ਼ ਭੰਡਾਰਨ ਨੀਤੀ ਦੇ ਅਨੁਸਾਰ ਸੰਗ੍ਰਹਿਤ ਅਤੇ ਸੁਰੱਖਿਅਤ ਰੱਖਿਆ ਜਾਵੇਗਾ।

**ਕੇਂਦਰੀ ਸੰਚਾਲਨ ਜ਼ਿੰਮੇਦਾਰੀਆਂ (ਚੈੱਕ ਹਾਸਲ ਹੋਣ ਤੋਂ ਬਾਅਦ):**

- **ਜਾਂਚ-ਪੜਤਾਲ:** ਕੇਂਦਰੀ ਸੰਚਾਲਨ ਟੀਮ ਬੈਂਕ ਦੀ EWSS ਜਾਂਚ ਨੀਤੀ ਦੀ ਪਾਲਣਾ ਕਰਦੇ ਹੋਏ ਇਲੈਕਟਰੋਨਿਕ ਵਾਚਲਿਸਟ ਸਕਰੀਨਿੰਗ ਸਿਸਟਮ (EWSS) ਦੇ ਮਾਧਿਅਮ ਨਾਲ ਚੈੱਕ ’ਤੇ ਅੰਕਿਤ ਚੈੱਕ ਜਾਰੀ ਕਰਨ ਵਾਲੇ, ਅਦਾਕਰਤਾ ਅਤੇ ਪੇਈ ਦੇ ਨਾਮਾਂ ਦੀ ਜਾਂਚ ਕਰੇਗੀ ਤਾਂ ਜੋ ਕਿ ਕਿਸੇ ਵੀ ਸੰਭਾਵਿਤ ਮਿਲਾਨ ਦੀ ਪਛਾਣ ਕੀਤੀ ਜਾ ਸਕੇ।
- **ਸਟੀਕ ਮਿਲਾਨ:** "ਸਟੀਕ ਮਿਲਾਨ" (ਯਾਨੀ ਕਿ ਕਿਸੇ ਵੀ ਨਾਮ ਦਾ ਸਟੀਕ ਮਿਲਾਨ ਹੋ ਜਾਣ ’ਤੇ) ਦੀ ਸਥਿਤੀ ਵਿੱਚ ਕੈਸ਼ ਸੰਚਾਲਨ ਟੀਮ ਸਬੰਧਿਤ ਸ਼ਾਖਾ ਨੂੰ ਸੂਚਿਤ ਕਰੇਗੀ ਅਤੇ ਚੈੱਕ ਵਾਪਸ ਭੇਜ ਦੇਵੇਗੀ।

**ਗਾਹਕਾਂ ਦੇ ਖਾਤਿਆਂ ਵਿੱਚ ਧੰਨਰਾਸ਼ੀ ਜਮਾਂ ਕਰਨਾ (ਨੋਸਟਰੋ ਖਾਤੇ ਵਿੱਚ ਜਮਾਂ ਹੋਣ ’ਤੇ)**

ਇਕ ਵਾਰ ਜਦੋਂ ਨੋਸਟਰੋ ਖਾਤੇ ਵਿੱਚ ਧੰਨਰਾਸ਼ੀ ਦੇ ਜਮਾਂ ਹੋਣ ਦੀ ਪੁਸ਼ਟੀ ਹੋ ਜਾਂਦੀ ਹੈ, ਤਾਂ ਉਹ ਧੰਨਰਾਸ਼ੀ "ਸਪੱਸ਼ਟ ਧੰਨਰਾਸ਼ੀ" ਦੇ ਆਧਾਰ ’ਤੇ ਗਾਹਕ ਦੇ ਖਾਤੇ ਵਿੱਚ ਤਬਦੀਲ ਕਰ ਦਿੱਤੀ ਜਾਵੇਗੀ, ਇਸ ਪ੍ਰਕਿਰਿਆ ਵਿੱਚ ਮੁਦਰਾ ਦੇ ਅਨੁਸਾਰ ਅਲੱਗ-ਅਲੱਗ ਕੂਲਿੰਗ ਮਿਆਦ ਲਾਗੂ ਹੋਵੇਗੀ:

- **USD:** ਸਾਡੇ ਨੋਸਟਰੋ ਖਾਤੇ ਵਿੱਚ ਧੰਨਰਾਸ਼ੀ ਜਮਾਂ ਹੋਣ ਦੀ ਤਾਰੀਖ ਤੋਂ 21 ਕੰਮਕਾਜੀ ਦਿਨਾਂ ਦਾ ਇੰਤਜ਼ਾਰ ਪੂਰਾ ਹੋਣ ’ਤੇ ਗਾਹਕ ਦੇ ਖਾਤੇ ਵਿੱਚ ਧੰਨਰਾਸ਼ੀ ਜਮਾਂ ਕੀਤੀ ਜਾਵੇਗੀ।
- **SGD:** ਸਾਡੇ ਨੋਸਟਰੋ ਖਾਤੇ ਵਿੱਚ ਧੰਨਰਾਸ਼ੀ ਜਮਾਂ ਹੋਣ ਦੀ ਤਾਰੀਖ ਤੋਂ ਠੀਕ ਅਗਲੇ ਵਪਾਰਕ ਦਿਨ ’ਤੇ ਗਾਹਕ ਦੇ ਖਾਤੇ ਵਿੱਚ ਧੰਨਰਾਸ਼ੀ ਜਮਾਂ ਕੀਤੀ ਜਾਵੇਗੀ।
- **GBP:** ਸਾਡੇ ਨੋਸਟਰੋ ਖਾਤੇ ਵਿੱਚ ਧੰਨਰਾਸ਼ੀ ਜਮਾਂ ਹੋਣ ਦੀ ਤਾਰੀਖ ਤੋਂ ਠੀਕ ਅਗਲੇ ਕੰਮਕਾਜੀ ਦਿਨ ’ਤੇ ਗਾਹਕ ਦੇ ਖਾਤੇ ਵਿੱਚ ਧੰਨਰਾਸ਼ੀ ਜਮਾਂ ਕੀਤੀ ਜਾਵੇਗੀ।
- **ਹੋਰ ਮੁਦਰਾਵਾਂ:** ਸਾਡੇ ਨੋਸਟਰੋ ਖਾਤੇ ਵਿੱਚ ਧੰਨਰਾਸ਼ੀ ਜਮਾਂ ਹੋਣ ਦੀ ਤਾਰੀਖ ਤੋਂ ਠੀਕ ਅਗਲੇ ਕੰਮਕਾਜੀ ਦਿਨ ’ਤੇ ਗਾਹਕ ਦੇ ਖਾਤੇ ਵਿੱਚ ਧੰਨਰਾਸ਼ੀ ਜਮਾਂ ਕੀਤੀ ਜਾਵੇਗੀ ਬਸ਼ਰਤੇ ਕਰੈਡਿਟ ਕਲੀਅਰ ਫੰਡ ਦੇ ਆਧਾਰ ’ਤੇ ਹੋਵੇ

**ਛੁੱਟੀ ਦੀ ਐਡਜਸਟਮੈਂਟ:**

- ਜੇਕਰ ਗਣਨਾ ਕੀਤਾ ਗਿਆ ਕਰੈਡਿਟ ਦਿਵਸ ਭਾਰਤ ਵਿੱਚ ਕਿਸੇ ਛੁੱਟੀ ਦੇ ਦਿਨ ਪੈਂਦਾ ਹੈ, ਤਾਂ ਕਰੈਡਿਟ ਅਗਲੇ ਕੰਮਕਾਜੀ ਦਿਨ (ਸ਼ਨੀਵਾਰ ਨੂੰ ਛੱਡ ਕੇ) ਪ੍ਰੋਸੈਸ ਕੀਤਾ ਜਾਵੇਗਾ।

ਜੇਕਰ ਗਾਹਕ ਦੇ ਖਾਤੇ ਵਿੱਚ ਕਰੈਡਿਟ ਉੱਪਰ ਦੱਸੀਆਂ ਗਈਆਂ ਤੈਅ ਤਾਰੀਖਾਂ ਤੋਂ ਜ਼ਿਆਦਾ ਦੇਰੀ ਨਾਲ ਹੁੰਦਾ ਹੈ, ਤਾਂ ਦੇਰੀ ਦੀ ਮਿਆਦ ਲਈ ਪ੍ਰਚਲਿਤ ਘਰੇਲੂ ਬੱਚਤ ਬੈਂਕ ਵਿਆਜ ਦਰ ਦੇ ਅਨੁਸਾਰ ਮੁਆਵਜ਼ਾ ਦਿੱਤਾ ਜਾਵੇਗਾ। DBS India ਦੇ ਗਾਹਕਾਂ ਲਈ FCY ਚੈੱਕ ਕਲੀਅਰ ਕੀਤੇ ਜਾਂਦੇ ਹਨ, ਹਾਲਾਂਕਿ ਇਕ ਸੰਗ੍ਰਿਹਕਰਤਾ ਬੈਂਕ ਦੇ ਰੂਪ ਵਿੱਚ DBS India DBS Singapore ਦੁਆਰਾ ਜਾਰੀ ਕੀਤੇ ਗਏ SGD ਡਰਾਫਟ ਵੀ ਕਲੀਅਰ ਕਰਦਾ ਹੈ।

## ਦੇਰੀ ਨਾਲ ਸੰਗ੍ਰਹਿ ਲਈ ਵਿਆਜ ਦਾ ਭੁਗਤਾਨ

ਲਗਾਤਾਰ ਕਲੀਅਰਿੰਗ ਦੇ ਤਹਿਤ ਚੈੱਕ ਦੀ ਪ੍ਰੋਸੈਸਿੰਗ ਅਤੇ ਗਾਹਕਾਂ ਨੂੰ ਭੁਗਤਾਨ ਜਾਰੀ ਕਰਨ ਦਾ ਕਾਰਜ ਲਗਾਤਾਰ ਅਤੇ ਰੀਅਲ ਟਾਈਮ (ਤੱਤਕਾਲ) ਆਧਾਰ ’ਤੇ ਕੀਤਾ ਜਾਂਦਾ ਹੈ। ਪਾਜ਼ੇਟਿਵ/ਨੈਗੇਟਿਵ ਪੁਸ਼ਟੀ ਦੀ ਜਾਣਕਾਰੀ, ਪ੍ਰੋਸੈਸਿੰਗ ਪੂਰੀ ਹੋਣ ਤੋਂ ਤੁਰੰਤ ਬਾਅਦ ਅਦਾਕਰਤਾ ਬੈਂਕਾਂ ਦੁਆਰਾ ਕਲੀਅਰਿੰਗ ਹਾਊਸ ਨੂੰ ਭੇਜੀ ਜਾਵੇਗੀ। ਪੇਸ਼ਕਰਤਾ ਬੈਂਕ ਇਸ ਨੂੰ ਪ੍ਰੋਸੈਸ ਕਰੇਗਾ ਅਤੇ ਸਮਾਨ ਰੱਖਿਆ ਉਪਾਵਾਂ ਦੇ ਅਧੀਨ ਰਹਿੰਦੇ ਹੋਏ ਸਫਲ ਨਿਪਟਾਨ ਦੇ 1 ਘੰਟੇ ਦੇ ਅੰਦਰ (ਜਾਂ ਉਸ ਤੋਂ ਪਹਿਲਾਂ) ਗਾਹਕਾਂ ਨੂੰ ਭੁਗਤਾਨ ਜਾਰੀ ਕਰ ਦੇਵੇਗਾ।

**ਪੜਾਅ 1 ਦੇ ਦੌਰਾਨ (4 ਅਕਤੂਬਰ ਤੋਂ ਲੈ ਕੇ ਪੜਾਅ 2 ਦੇ ਲਾਗੂ ਹੋਣ ਤੱਕ)** ਅਦਾਕਰਤਾ ਬੈਂਕਾਂ ਲਈ ਇਹ ਲਾਜ਼ਮੀ ਹੋਵੇਗਾ ਕਿ ਉਹ ਆਪਣੇ ਕੋਲ ਪੇਸ਼ ਕੀਤੇ ਗਏ ਚੈੱਕਾਂ ਦੀ ਪੁਸ਼ਟੀ (ਪਾਜ਼ੇਟਿਵ/ਨੈਗੇਟਿਵ ਰੂਪ ਵਿੱਚ) ਪੁਸ਼ਟੀ ਸੈਸ਼ਨ ਦੀ ਸਮਾਪਤੀ (ਅਰਥਾਤ ਸ਼ਾਮ 7:00 ਵਜੇ ਤੱਕ) ਤੱਕ ਜ਼ਰੂਰ ਕਰ ਦੇਵੇ।

**ਪੜਾਅ 2 ਵਿੱਚ,** ਚੈੱਕਾਂ ਦੀ ਆਈਟਮ ਐਕਸਪਾਇਰੀ ਦਾ ਸਮਾਂ ਬਦਲ ਕੇ T+3 ਕਲੀਅਰਿੰਗ ਘੰਟੇ ਕਰ ਦਿੱਤਾ ਜਾਵੇਗਾ। ਉਦਾਹਰਨ ਲਈ, ਅਦਾਕਰਤਾ ਬੈਂਕਾਂ ਨੂੰ ਸਵੇਰੇ 10:00 ਵਜੇ ਤੋਂ 11:00 ਵਜੇ ਵਿਚਾਲੇ ਮਿਲਣ ਵਾਲੇ ਚੈੱਕਾਂ ਦੀ ਪੁਸ਼ਟੀ, ਪਾਜ਼ੇਟਿਵ ਜਾਂ ਨੈਗੇਟਿਵ ਰੂਪ ਵਿੱਚ, ਦੁਪਹਿਰ 2:00 ਵਜੇ ਤੱਕ (ਸਵੇਰੇ 11:00 ਵਜੇ ਤੋਂ 3 ਘੰਟਿਆਂ ਅੰਦਰ) ਕਰਨੀ ਪਵੇਗੀ।

DBS Bank ਆਪਣੇ ਗਾਹਕਾਂ ਨੂੰ ਉੱਪਰ ਦੱਸੀਆਂ ਗਈਆਂ ਸਮਾਂ-ਸੀਮਾਵਾਂ ਤੋਂ ਜ਼ਿਆਦਾ ਹੋਈ ਦੇਰੀ ਦੀ ਮਿਆਦ ਲਈ ਦੇਰੀ ਹੋਈ ਕਰੈਡਿਟ ’ਤੇ ਵਿਆਜ ਦਾ ਭੁਗਤਾਨ ਕਰੇਗਾ। ਬੈਂਕ ਦੀ ਮੁਆਵਜ਼ਾ ਨੀਤੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਦੇਰੀ ਦੀ ਮਿਆਦ ਲਈ ਮੁਆਵਜ਼ਾ ਦਿੱਤਾ ਜਾਵੇਗਾ, ਜਿਸ ਦੇ ਲਈ ਗਾਹਕਾਂ ਤੋਂ ਕਿਸੇ ਵੀ ਦਾਅਵੇ ਦੀ ਲੋੜ ਨਹੀਂ ਪਵੇਗੀ। (ਪ੍ਰਸਤਾਵਿਤ-ਚੈੱਕ ਦੀ ਅਸਲੀ ਵਸੂਲੀ ਦੀ ਤਾਰੀਖ ਤੋਂ ਬਾਅਦ) ਇਹ ਪ੍ਰਸਤਾਵ ਉਹਨਾਂ ਅੱਪਵਾਦਾਂ ਨੂੰ ਸ਼ਾਮਲ ਕਰਨ ਲਈ ਹੈ ਜੋ ਕਿ “ਪਹਿਲਾਂ ਤੋਂ ਕੀਤੀ ਗਈ ਸੂਚਨਾ ਅਤੇ ਕਲੀਅਰਿੰਗ ਐਕਸਟੈਨਸ਼ਨ ਨਾਲ ਸਬੰਧਿਤ ਹੈ ਜੇਕਰ ਇਹ ਹੋਰਨਾਂ ਬੈਂਕਾਂ ਦੁਆਰਾ ਅਪੀਲ ਕੀਤੀ ਗਈ ਹੋਵੇ।”

## ਚੈੱਕਾਂ ਦਾ ਅਨਾਦਰ/ਵਾਪਸੀ

ਜੇਕਰ ਸੰਗ੍ਰਹਿ ਲਈ ਭੇਜਿਆ ਗਿਆ ਕੋਈ ਚੈੱਕ ਬਗੈਰ ਭੁਗਤਾਨ ਦੇ ਵਾਪਸ ਆ ਜਾਂਦਾ ਹੈ, ਤਾਂ ਚੈੱਕ ਦਾ ਮੁੱਲ ਤੁਰੰਤ ਖਾਤੇ ਤੋਂ ਡੈਬਿਟ ਕਰ ਦਿੱਤਾ ਜਾਵੇਗਾ, ਇਸ ਤੋਂ ਇਲਾਵਾ ਲਾਗੂ ਸ਼ੁਲਕ ਅਤੇ ਉਸ ’ਤੇ ਲੱਗਣ ਵਾਲਾ ਵਿਆਜ ਵੀ ਵਸੂਲਿਆ ਜਾਵੇਗਾ। ਉੱਪਰ ਦੱਸੀਆਂ ਗਈਆਂ ਵਿਵਸਥਾਵਾਂ ਗਾਹਕਾਂ ਦੁਆਰਾ ਜਮਾਂ ਕੀਤੇ ਗਏ ਸਾਰੇ ਚੈੱਕਾਂ ’ਤੇ ਲਾਗੂ ਹੋਣਗੀਆਂ। ਅਨਾਦਰ ਕੀਤੇ ਗਏ ਇੰਸਟਰੂਮੈਂਟਸ ਬਗੈਰ ਕਿਸੇ ਦੇਰੀ ਦੇ ਅਤੇ ਕਿਸੇ ਵੀ ਸਥਿਤੀ ਵਿੱਚ 24 ਘੰਟਿਆਂ ਅੰਦਰ ਗਾਹਕ ਨੂੰ ਵਾਪਸ ਭੇਜ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ,

1. ਜੇਕਰ ਸੰਗ੍ਰਹਿ ਲਈ ਭੇਜਿਆ ਗਿਆ ਕੋਈ ਚੈੱਕ ਬਗੈਰ ਭੁਗਤਾਨ ਦੇ ਵਾਪਸ ਆ ਜਾਂਦਾ ਹੈ, ਤਾਂ ਚੈੱਕ ਦਾ ਮੁੱਲ ਤੁਰੰਤ ਖਾਤੇ ਤੋਂ ਡੈਬਿਟ ਕਰ ਦਿੱਤਾ ਜਾਵੇਗਾ। ਬੈਂਕ ਉਸ ਮਿਆਦ ਲਈ ਕਲੀਨ ਐਡਵਾਂਸਜ਼ ਦਰ ’ਤੇ ਵਿਆਜ ਲਵੇਗਾ ਜਿਸ ਮਿਆਦ ਦੇ ਦੌਰਾਨ ਬੈਂਕ ਦੇ ਕੋਲ ਫੰਡ ਦੀ ਕਮੀ ਰਹੀ ਹੋਵੇ।
2. ਜੇਕਰ ਚੈੱਕ ਤੋਂ ਹਾਸਲ ਰਾਸ਼ੀ ਬੱਚਤ ਬੈਂਕ ਖਾਤੇ ਵਿੱਚ ਜਮਾਂ ਕੀਤੀ ਗਈ ਸੀ ਅਤੇ ਉਸ ਨੂੰ ਕੱਢਿਆ ਨਹੀਂ ਗਿਆ ਸੀ, ਤਾਂ ਚੈੱਕ ਦੇ ਬਗੈਰ ਭੁਗਤਾਨ ਦੇ ਵਾਪਸ ਆਉਣ ’ਤੇ, ਇਸ ਤਰਾਂ ਜਮਾਂ ਕੀਤੀ ਗਈ ਰਾਸ਼ੀ ’ਤੇ ਵਿਆਜ ਦਾ ਭੁਗਤਾਨ ਨਹੀਂ ਕੀਤਾ ਜਾਵੇਗਾ।
3. ਜੇਕਰ ਹਾਸਲ ਰਾਸ਼ੀ ਕਿਸੇ ਓਵਰਡਰਾਫਟ/ਕਰਜ਼ੇ/ਕਰੈਡਿਟ ਕਾਰਡ ਖਾਤੇ ਵਿੱਚ ਜਮਾਂ ਕੀਤੀ ਗਈ ਸੀ ਅਤੇ ਚੈੱਕ ਬਗੈਰ ਭੁਗਤਾਨ ਦੇ ਵਾਪਸ ਆ ਜਾਂਦਾ ਹੈ, ਤਾਂ ਜਮਾਂ ਦੀ ਤਾਰੀਖ ਤੋਂ ਲੈ ਕੇ ਐਂਟਰੀ ਦੀ ਰਿਵਰਸਲ ਦੀ ਤਾਰੀਖ ਤੱਕ ਦੀ ਮਿਆਦ ਦੇ

ਲਈ, ਓਵਰਡਰਾਫਟ/ਕਰਜ਼ੇ ’ਤੇ ਲਾਗੂ ਵਿਆਜ ਦਰ ਤੋਂ 2% ਵਾਧੂ ਦਰ ’ਤੇ ਵਿਆਜ ਵਸੂਲ ਕੀਤਾ ਜਾਵੇਗਾ ਅਤੇ ਇਹ ਵਸੂਲੀ ਉਸ ਸੀਮਾ ਤੱਕ ਕੀਤੀ ਜਾਵੇਗੀ ਜਿਸ ਸੀਮਾ ਤੱਕ ਬੈਂਕ ਕੋਲ ਫੰਡ ਦੀ ਕਮੀ ਰਹੀ ਹੋਵੇ।

4. ਜੇਕਰ ਸੰਗ੍ਰਹਿ ਲਈ ਭੇਜਿਆ ਗਿਆ ਕੋਈ ਚੈੱਕ ਜਿਸ ਲਈ ਬੈਂਕ ਨੇ ਪਹਿਲਾਂ ਹੀ ਕਰੈਡਿਟ (ਰਾਸ਼ੀ) ਉਪਲੱਬਧ ਕਰਾ ਦਿੱਤੀ ਸੀ ਬਗੈਰ ਭੁਗਤਾਨ ਦੇ ਵਾਪਸ ਆ ਜਾਂਦਾ ਹੈ, ਤਾਂ ਚੈੱਕ ਦਾ ਮੁੱਲ ਤੁਰੰਤ ਖਾਤੇ ਤੋਂ ਡੈਬਿਟ ਕਰ ਦਿੱਤਾ ਜਾਵੇਗਾ ਭਾਵੇਂ ਹੀ ਇਸ ਡੈਬਿਟ ਦੇ ਕਾਰਨ ਖਾਤੇ ਦਾ ਬੈਲੇਂਸ ਨੈਗੇਟਿਵ (ਡੈਬਿਟ ਬੈਲੇਂਸ) ਹੋ ਜਾਵੇ ਅਤੇ ਇਸ ਬਕਾਇਆ ਬੈਲੇਂਸ ਨੂੰ ਕਿਸੇ ਵੀ ਹੋਰ ਕਲੀਨ ਓਵਰਡਰਾਫਟ ਦੀ ਤਰਾਂ ਹੀ ਮੰਨਿਆ ਜਾਵੇਗਾ। ਬੈਂਕ, ਜਿਸ ਮਿਆਦ ਲਈ ਉਸ ਦੇ ਕੋਲ ਫੰਡ ਦੀ ਕਮੀ ਰਹੇਗੀ, ਉਸ ਮਿਆਦ ਲਈ ਕਲੀਨ ਐਡਵਾਂਸਜ਼ ਦਰ ’ਤੇ ਵਿਆਜ ਲਵੇਗਾ।
5. ਬੈਂਕ RBI ਦੇ ਦਿਸ਼ਾ-ਨਿਰੇਦਸ਼ਾਂ ਦੀ ਪੂਰੀ ਤਰਾਂ ਨਾਲ ਪਾਲਣਾ ਕਰਦੇ ਹੋਏ, ਸਮੇਂ-ਸਮੇਂ ’ਤੇ ਲਾਗੂ ਦਰਾਂ ’ਤੇ “ਚੈੱਕ ਰਿਟਰਨ ਚਾਰਜੇਜ਼” ਵੀ ਲਵੇਗਾ।

**ਰਸਤੇ ਵਿੱਚ ਚੈੱਕ ਦਾ ਗੁਆਚ ਜਾਣਾ**

ਜੇਕਰ ਬੈਂਕ ਦੁਆਰਾ ਕੁਲੈਕਸ਼ਨ ਲਈ ਸਵੀਕਾਰ ਕੀਤਾ ਗਿਆ ਕੋਈ ਚੈੱਕ ਜਾਂ ਇੰਸਟਰੂਮੈਂਟ ਬਾਅਦ ਵਿੱਚ ਰਸਤੇ ਵਿੱਚ ਗੁਆਚ ਜਾਂਦਾ ਹੈ, ਤਾਂ ਬੈਂਕ ਨੂੰ ਇਸ ਨੁਕਸਾਨ ਬਾਰੇ ਪਤਾ ਚੱਲਦੇ ਹੀ, ਉਹ ਤੁਰੰਤ ਗਾਹਕ ਨੂੰ ਸੂਚਿਤ ਕਰੇਗਾ ਤਾਂ ਜੋ ਕਿ ਖਾਤਾ ਧਾਰਕ ਚੈੱਕ ਜਾਰੀ ਕਰਨ ਵਾਲੇ ਨੂੰ ਸਟਾਪ ਪੇਮੈਂਟ ਦਰਜ ਕਰਾਉਣ ਲਈ ਸੂਚਿਤ ਕਰ ਸਕੇ ਅਤੇ ਇਹ ਵੀ ਸੁਨਿਸ਼ਚਿਤ ਕਰ ਸਕੇ ਕਿ ਗੁਆਚੇ ਹੋਏ ਚੈੱਕ/ਇੰਸਟਰੂਮੈਂਟ ਦੀ ਰਾਸ਼ੀ ਖਾਤੇ ਵਿੱਚ ਜਮਾਂ ਨਾ ਹੋਣ ਕਰ ਕੇ ਜਾਰੀ ਕੀਤੇ ਗਏ ਹੋਰ ਚੈੱਕਾਂ ਦਾ ਅਨਾਦਰ ਨਾ ਹੋਵੇ। ਬੈਂਕ ਗਾਹਕ ਨੂੰ ਚੈੱਕ ਜਾਰੀ ਕਰਨ ਵਾਲੇ ਤੋਂ ਡੁਪਲੀਕੇਟ ਇੰਸਟਰੂਮੈਂਟ ਲੈਣ ਵਿੱਚ ਹਰ ਤਰਾਂ ਦੀ ਮੱਦਦ ਕਰੇਗਾ। ਬੈਂਕ, ਕਲੀਅਰਿੰਗ ਜਾਂ ਕੁਲੈਕਸ਼ਨ ਲਈ ਭੇਜੇ ਗਏ ਰਿਪਲੇਸਮੈਂਟ ਇੰਸਟਰੂਮੈਂਟਸ ’ਤੇ ਕੋਈ ਵਾਧੂ ਸ਼ੁਲਕ ਨਹੀਂ ਲਗਾਏਗਾ। ਬੈਂਕ, ਗਾਹਕ ਨੂੰ ਡੁਪਲੀਕੇਟ ਚੈੱਕ/ਇੰਸਟਰੂਮੈਂਟ ਲੈਣ ਵਿੱਚ ਹੋਣ ਵਾਲੇ ਕਿਸੇ ਵੀ ਸਿੱਧੇ ਅਤੇ ਉੱਚਿਤ ਖਰਚ ਦੀ ਭਰਪਾਈ ਕਰੇਗਾ (ਬਸ਼ਰਤੇ ਸਬੰਧਿਤ ਦਸਤਾਵੇਜ਼ੀ ਸਬੂਤ ਦਿਖਾਏ ਜਾਣ) ਅਤੇ ਬੈਂਕ ਦੀ ਮੁਆਵਜ਼ਾ ਨੀਤੀ ਦੇ ਅਨੁਸਾਰ ਇਸ ਨੂੰ ਲੈਣ ਵਿੱਚ ਹੋਈ ਉੱਚਿਤ ਦੇਰੀ ਲਈ ਵਿਆਜ ਵੀ ਦੇਵੇਗਾ।

ਬੈਂਕ ਨੂੰ ਖਾਤਾ ਧਾਰਕ ਨੂੰ ਡੁਪਲੀਕੇਟ ਇੰਸਟਰੂਮੈਂਟਸ ਲੈਣ ਨਾਲ ਜੁੜੇ ਖਰਚਿਆਂ ਦੀ ਭਰਪਾਈ ਕਰਨੀ ਚਾਹੀਦੀ ਹੈ ਅਤੇ ਇਸ ਨੂੰ ਲੈਣ ਵਿੱਚ ਹੋਈ ਉੱਚਿਤ ਦੇਰੀ ਲਈ ਵਿਆਜ ਵੀ ਦੇਣਾ ਚਾਹੀਦਾ ਹੈ।

ਇਸ ਤੋਂ ਇਲਾਵਾ, ਬੈਂਕ ਇਹ ਸੁਨਿਸ਼ਚਿਤ ਕਰਨ ਦੀ ਕੋਸ਼ਿਸ ਕਰੇਗਾ ਕਿ ਗੁਆਚੇ ਹੋਏ ਚੈੱਕ/ਇੰਸਟਰੂਮੈਂਟਸ ਦੀ ਰਕਮ ਖਾਤੇ ਵਿੱਚ ਜਮਾਂ ਨਾ ਹੋਣ ਕਾਰਨ ਗਾਹਕ ਦੁਆਰਾ ਜਾਰੀ ਕੀਤੇ ਗਏ ਹੋਰ ਚੈੱਕਾਂ ਦਾ ਅਨਾਦਰ ਨਾ ਹੋਵੇ। ਇਸ ਤਰਾਂ ਦੇ ਨੁਕਸਾਨ ਦੀ ਜ਼ਿੰਮੇਦਾਰੀ ਕੁਲੈਕਟਿੰਗ ਬੈਂਕਰ ਦੀ ਹੁੰਦੀ ਹੈ ਨਾ ਕਿ ਖਾਤਾ ਧਾਰਕ ਦੀ।

**ਅਣਕਿਆਸੀ ਘਟਨਾ**

ਫੋਰਸ ਮੈਜਿਓਰ ਘਟਨਾ (ਅਣਕਿਆਸੀ ਘਟਨਾ) ਦਾ ਮਤਲਬ ਹੈ ਭਗਵਾਨ ਦਾ ਕੀਤਾ ਹੋਇਆ ਕੰਮ, ਹੜ, ਸੋਕਾ, ਭੂਚਾਲ ਜਾਂ ਹੋਰ ਕੁਦਰਤੀ ਆਫਤਾਂ ਜਾਂ ਸਥਿਤੀ, ਆਫਤ, ਮਹਾਮਾਰੀ, ਅੱਤਵਾਦੀ ਹਮਲਾ, ਯੁੱਧ ਜਾਂ ਦੰਗੇ, ਨਿਊਕਲੀਅਰ, ਕੈਮੀਕਲ ਜਾਂ ਬਾਇਓਲੋਜੀਕਲ ਕੰਟੈਮੀਨੇਸ਼ਨ, ਉਦਯੋਗਿਕ ਐਕਸ਼ਨ, ਬਿਜਲੀ ਜਾਣਾ, ਕੰਪਿਊਟਰ ਖਰਾਬ ਹੋਣਾ ਜਾਂ ਤੋੜ-ਫੋੜ ਅਤੇ ਇਮਾਰਤਾਂ ਦਾ ਡਿੱਗਣਾ, ਅੱਗ, ਧਮਾਕਾ ਜਾਂ ਦੁਰਘਟਨਾ ਜਾਂ ਅਜਿਹੇ ਦੂਸਰੇ ਕੰਮ ਜੋ ਕਿ ਬੈਂਕ ਦੇ ਕੰਟਰੋਲ ਤੋਂ ਬਾਹਰ ਹੋਣ।

ਜਦੋਂ ਤੱਕ ਅਣਕਿਆਸੀ ਘਟਨਾ ਜਾਂ ਹਾਲਾਤ ਦੇ ਕਾਰਨ ਕੰਮ ਕਰਨ ਨਾਮੁਮਕਿਨ ਬਣਿਆ ਰਹਿੰਦਾ ਹੈ, ਉਦੋਂ ਤੱਕ ਬੈਂਕ ਦੀਆਂ ਜ਼ਿੰਮੇਦਾਰੀਆਂ ਨੂੰ ਪੂਰਾ ਕਰਨਾ ਰੋਕ ਦਿੱਤਾ ਜਾਵੇਗਾ। ਸਰਵੋਤਮ ਯਤਨ ਦੇ ਆਧਾਰ ’ਤੇ, ਬੈਂਕ ਅਣਕਿਆਸੀ ਘਟਨਾ ਦੇ ਨਤੀਜਿਆਂ ਨੂੰ ਘੱਟ ਕਰਨ ਲਈ ਉੱਚਿਤ ਕਾਰਵਾਈ ਕਰਨ ਲਈ ਵਚਨਬੱਧ ਹੈ। ਕਿਸੇ ਵੀ ਉਦਯੋਗਿਕ ਕਾਰਵਾਈ, ਬਿਜਲੀ ਜਾਣਾ, ਕੰਪਿਊਟਰ ਦੀ ਖਰਾਬੀ ਜਾਂ ਤੋੜ-ਫੋੜ ਦੀ ਸਥਿਤੀ ਵਿੱਚ ਬੈਂਕ ਆਪਣੀਆਂ ਸੇਵਾਵਾਂ ਦੀ ਤਜ਼ਵੀਜ਼ ਵਿੱਚ ਦੇਰੀ ਨੂੰ ਘੱਟ ਕਰਨ ਲਈ ਉੱਚਿਤ ਕਦਮ ਉਠਾਏਗਾ ਅਤੇ ਆਪਣੇ ਗਾਹਕਾਂ ਨੂੰ ਨਿਰਵਿਘਨ ਸੇਵਾਵਾਂ ਪ੍ਰਦਾਨ ਕਰਨ ਦਾ ਯਤਨ ਕਰੇਗਾ।

## 3 ਸ਼ਾਸਨ

### 3.1 ਮਾਲਕੀਅਤ ਅਤੇ ਪ੍ਰਮਾਣਿਤ ਕਰਨ ਵਾਲੀ ਅਥਾਰਿਟੀ

DBS Bank India Ltd (DBIL) DBS Bank Ltd(DBL) ਦੀ ਪੂਰੀ ਤਰਾਂ ਨਾਲ ਮਾਲਕੀਅਤ ਵਾਲੀ ਸਹਾਇਕ ਕੰਪਨੀ (WOS) ਹੈ। ਇਸ ਦਾ ਮੁੱਖ ਦਫਤਰ ਸਿੰਗਾਪੁਰ ਵਿੱਚ ਹੈ। ਸਰਵੋਤਮ ਅਭਿਆਸ ਸਾਂਝੇ ਕਰਨ ਵਾਸਤੇ DBIL ਮੁਸ਼ਕਲ, ਲੰਬੇ ਸਮੇਂ ਦੇ, ਵੱਡੇ ਜਾਂ ਜ਼ਰੂਰੀ ਲੈਣ-ਦੇਣ ਨਾਲ ਨਿਪਟਣ ਵਿੱਚ DBL ਦੇ ਅਨੁਭਵ ਅਤੇ ਮੁਹਾਰਤ ਦਾ ਇਸਤੇਮਾਲ ਕਰੇਗਾ ਤਾਂ ਜੋ ਕਿ ਇਹ ਪੱਕਾ ਹੋ ਸਕੇ ਕਿ ਗਰੁੱਪ ਦੇ ਨਿਊਨਤਮ ਸਵੀਕਾਰਯੋਗ ਮਾਨਦੰਡ ਪੂਰੇ ਹੋ ਸਕਣ।

ਇਸ ਪਾਲਿਸੀ ਦੀ ਮਾਲਕੀਅਤ ਜਾਰੀ ਕਰਤਾ ਦੇ ਕੋਲ ਹੋਵੇਗੀ ਅਤੇ ਇਸ ਨੂੰ ਬੈਂਕ ਦੇ ਬੋਰਡ ਦੁਆਰਾ ਮਨਜ਼ੂਰੀ ਦਿੱਤੀ ਜਾਵੇਗੀ।

### 3.2 ਵਿਚਲਨ

ਕੋਈ ਵੀ ਵਿਚਲਨ, ਜਿਸ ਵਿੱਚ ਕਿ ਕੋਈ ਵੀ ਵਾਧੂ ਦਸਤਾਵੇਜ਼ ਸ਼ਾਮਲ ਹੈ (ਜੇਕਰ ਕੋਈ ਹੋਵੇ) ਸਿਰਫ ਆਸਾਧਾਰਨ ਆਧਾਰ ’ਤੇ ਹੀ ਹੋਵੇਗਾ ਅਤੇ ਇਸ ਦਾ ਜਾਰੀਕਰਤਾ ਦੁਆਰਾ ਦਸਤਾਵੇਜ਼ੀਕਰਨ ਕੀਤਾ ਜਾਣਾ ਅਤੇ ਬੈਂਕ ਦੇ ਬੋਰਡ ਦੁਆਰਾ ਪ੍ਰਮਾਣਿਤ ਕੀਤਾ ਜਾਣਾ ਲਾਜ਼ਮੀ ਹੈ। ਕੋਈ ਵੀ ਅਜਿਹਾ ਬਦਲਾਵ ਜੋ ਕਿ ਮੂਲ ਪ੍ਰਕਿਰਤੀ ਦਾ ਨਾ ਹੋ ਕੇ ਸਿਰਫ ਇੰਸੀਡੈਂਟਲ ਜਾਂ ਪ੍ਰਸ਼ਾਸਨਿਕ ਪ੍ਰਕਿਰਤੀ ਦਾ ਹੋਵੇ, ਉਸ ਲਈ ਪ੍ਰਮਾਣਿਤ ਕਰਨ ਵਾਲੀ ਅਥਾਰਿਟੀ ਦੇ ਹਸਤਾਖਰ ਦੀ ਲੋੜ ਨਹੀਂ ਪਵੇਗੀ। ਕਾਰਪੋਰੇਟ ਗਾਹਕਾਂ ਲਈ ਚੈੱਕ ਕੁਲੈਕਸ਼ਨ ਦੀ ਪ੍ਰਕਿਰਿਆ, ਸੇਵਾ ਪ੍ਰਦਾਨ ਕਰਦੇ ਸਮੇਂ ਕਾਰਪੋਰੇਟ ਗਾਹਕ ਨਾਲ ਤੈਅ ਕੀਤੀਆਂ ਗਈਆਂ ਸ਼ਰਤਾਂ ਦੇ ਅਨੁਸਾਰ ਹੀ ਹੋਵੇਗੀ।

### 3.3 ਸਮੀਖਿਆ

ਇਸ ਪਾਲਿਸੀ ਦੀ ਸਮੀਖਿਆ ਸਾਲਾਨਾ ਆਧਾਰ ’ਤੇ (ਅਧਿਕਤਮ ਤਿੰਨ ਮਹੀਨੇ ਦੀ ਛੋਟ ਮਿਆਦ ਨਾਲ) ਜਾਂ ਫਿਰ ਜਦੋਂ ਵੀ ਇਸ ਦੀ ਨਿਰੰਤਰ ਪ੍ਰਸੰਗਿਕਤਾ ਸੁਨਿਸ਼ਚਿਤ ਕਰਨ ਲਈ ਕੋਈ ਮਹੱਤਵਪੂਰਨ ਬਦਲਾਵ ਜ਼ਰੂਰੀ/ਉੱਚਿਤ ਪ੍ਰਤੀਤ ਹੋਵੇ, ਉਦੋਂ ਕੀਤੀ ਜਾਣੀ ਚਾਹੀਦੀ ਹੈ।

| ਅੰਤਿਕਾ 1 ਵਿਚਲਨਾਂ ਦਾ ਰਿਕਾਰਡ | | | | | |
|---|---|---|---|---|---|
| **ਪ੍ਰਭਾਵਕਾਰੀ ਤਾਰੀਖ** | **ਸੈਕਸ਼ਨ** | **ਇਸ ਦੁਆਰਾ ਸਮਰਥਨ ਅਤੇ ਸਮਰਥਨ ਤਾਰੀਖ** | **ਇਸ ਦੁਆਰਾ ਪ੍ਰਮਾਣਿਤ ਅਤੇ ਪ੍ਰਮਾਣਿਤ ਤਾਰੀਖ** | **ਵਿਚਰਨ ਦਾ ਵੇਰਵਾ** | **ਵਿਚਲਨ ਦਾ ਕਾਰਨ:** |
| ਦਿਨ ਮਹੀਨਾ ਸਾਲ | ਇਸ ਦਸਤਾਵੇਜ਼ ਵਿੱਚ ਉਹ ਸੈਕਸ਼ਨ ਜਿੱਥੇ ਕਿ ਵਿਚਲਨ ਪੈਦਾ ਹੋਇਆ | ਉਸ ਯੂਨਿਟ/ਫੰਕਸ਼ਨ ਦੇ ਗਰੁੱਪ/ਕੰਟਰੀ ਮੁਖੀ ਦਾ ਸਮਰਥਨ ਜਿਸ ਨੇ ਕਿ ਵਿਚਲਨ ਲਈ ਅਪਲਾਈ ਕੀਤਾ ਸੀ<br><br>ਸਮਰਥਨ ਦੀ ਤਾਰੀਖ: ਦਿਨ ਮਹੀਨਾ ਸਾਲ | ਵਿਚਲਨ ਲਈ ਦਸਤਾਵੇਜ਼ ਮਾਲਕ ਦੀ ਪ੍ਰਵਾਨਗੀ<br><br>ਪ੍ਰਵਾਨਗੀ ਦੀ ਤਾਰੀਖ: ਦਿਨ ਮਹੀਨਾ ਸਾਲ | ਇਹ ਉਸ ਵਿਚਲਨ ਦਾ ਵਰਣਨ ਕਰਦਾ ਹੈ ਜੋ ਕਿ ਇਸ ਸੈਕਸ਼ਨ ’ਤੇ ਲਾਗੂ ਕੀਤਾ ਗਿਆ ਹੈ | ਇਹ ਵਿਚਲਨ ਦੇ ਕਾਰਨਾਂ ਦਾ ਵਰਣਨ ਕਰਦਾ ਹੈ |
| - | - | - | - | - | - |

| ਅੰਤਿਕਾ 2 ਸੰਸਕਰਨ ਇਤਿਹਾਸ | | |
|---|---|---|
| **ਸੰਸਕਰਨ** | **ਜਾਰੀ ਕਰਨ ਦੀ ਤਾਰੀਕ** | **ਮੁੱਖ ਬਦਲਾਵਾਂ ਦਾ ਸਾਰਾਂਸ਼** |
| 1.0 | ਮਈ 2019 | ਪਹਿਲਾ ਸੰਸਕਰਨ (DBS India ਨੂੰ ਪੂਰਨ ਮਾਲਕੀਅਤ ਵਾਲੀ ਸਹਾਇਕ ਕੰਪਨੀ ਦੇ ਰੂਪ ਵਿੱਚ ਸ਼ਾਮਲ ਕਰਨ ਤੋਂ ਬਾਅਦ) |
| 2.0 | ਫਰਵਰੀ 2022 | ਸ਼ਾਖਾਵਾਂ ਦੀ ਸੂਚੀ ਦਾ ਸੰਦਰਭ ਹਟਾ ਦਿੱਤਾ ਗਿਆ ਹੈ ਤਾਂ ਜੋ ਕਿ ਇਹ ਨੀਤੀ DBIL ਦੀਆਂ ਸਾਰੀਆਂ ਸ਼ਾਖਾਵਾਂ ’ਤੇ ਲਾਗੂ ਹੋ ਸਕੇ।<br>ਭਾਸ਼ਾ ਨੂੰ ਅੱਪਡੇਟ ਕੀਤਾ ਗਿਆ ਹੈ ਤਾਂ ਜੋ ਕਿ ਮੌਜੂਦਾ ਚੈੱਕ ਕਲੀਅਰਿੰਗ ਪ੍ਰਕਿਰਿਆ ਨੂੰ ਦਰਸਾਇਆ ਜਾ ਸਕੇ ਜਿਸ ਵਿੱਚ ਕਿ ਜ਼ਿਆਦਾਤਰ ਬੈਂਕ CTS ਕਲੀਅਰਿੰਗ ਵਿੱਚ ਭਾਗ ਲੈਂਦੇ ਹਨ। |
| 3.0 | ਜਨਵਰੀ 2026 | ਔਨ-ਰੀਅਲਾਈਜ਼ੇਸ਼ਨ ਚੈੱਕ ਕਲੀਅਰਿੰਗ ਦੇ ਹਿੱਸੇ ਦੇ ਰੂਪ ਵਿੱਚ ਕੀਤੇ ਗਏ ਬਦਲਾਵ |